# ਹਰਜੀਤ ਅਟਵਾਲ ਦਾ ਨਾਵਲ **ਰੇਤ** : ਇਕ ਅਧਿਐਨ

ਹਰਜੀਤ ਅਟਵਾਲ ਪਿਛਲੇ ਕੁਝ ਵਰ੍ਹਿਆਂ ਦੌਰਾਨ ਪੰਜਾਬੀ ਗਲਪ ਦੇ ਖੇਤਰ ਵਿਚ ਉੱਭਰ ਕੇ ਸਾਮ੍ਹਣੇ ਆਇਆ ਨਵਾਂ ਹਸਤਾਖਰ ਹੈ। ਉਹ ਪੰਜਾਬੀ ਦੇ ਉਨ੍ਹਾਂ ਪ੍ਰਮੁੱਖ ਕਥਾਕਾਰਾਂ ਵਿਚੋਂ ਹੈ ਜਿਨ੍ਹਾਂ ਨੇ ਪ੍ਰਵਾਸ ਦੇ ਹਵਾਲੇ ਨਾਲ ਆਪਣੀ ਸਾਹਿੱਤਕ ਪਛਾਣ ਬਣਾਈ ਹੈ। ਉਸਨੇ ਆਪਣੇ ਸਾਹਿੱਤਕ ਸਫ਼ਰ ਦੀ ਸ਼ੁਰੂਆਤ ਤਾਂ ਭਾਵੇਂ **ਸਰਦ ਪੈਰਾਂ ਦੀ ਉਡੀਕ** ( ਕਾਵਿ-ਸੰਗ੍ਰਹਿ ) ਨਾਲ ਕੀਤੀ ਸੀ ਪਰ ਛੇਤੀ ਉਹ ਕਥਾਕਾਰੀ ਵਲ ਰੁਚਿਤ ਹੋ ਗਿਆ। ਉਪਰੋਥਲੀ ਉਸਦੇ ਪੰਜ ਕਹਾਣੀ-ਸੰਗ੍ਰਹਿ- **ਸੁੱਕਾ ਪੱਤਾ ਤੇ ਹਵਾ, ਕਾਲਾ ਲਹੂ, ਸੱਪਾਂ ਦਾ ਘਰ ਬਰਤਾਨੀਆਂ, ਖੂਹ ਵਾਲਾ ਘਰ**, ਅਤੇ **ਇਕ ਸੱਚ ਮੇਰਾ ਵੀ** - ਪ੍ਰਕਾਸ਼ਿਤ ਹੋਏ ਅਤੇ ਇਨ੍ਹਾਂ ਕਹਾਣੀਆ ਦੇ ਮਾਧਿਅਮ ਰਾਹੀਂ ਉਹ ਸਹਿਜੇ ਹੀ ਬਰਤਾਨੀਆਂ ਦੇ ਚਰਚਿਤ ਕਹਾਣੀਕਾਰਾਂ ਦੀ ਕਤਾਰ ਵਿਚ ਸ਼ਾਮਿਲ ਹੋ ਗਿਆ। ਪਰ ਉਸਦੀ ਸਾਹਿੱਤਕ ਸਮਰੱਥਾ ਦਾ ਵਾਸਤਵਿਕ ਪ੍ਰਮਾਣ ਓਦੋਂ ਸਾਮ੍ਹਣੇ ਆਇਆ ਜਦੋਂ ਉਸਦਾ ਪਹਿਲਾ ਨਾਵਲ **ਵਨ ਵੇ** ਪ੍ਰਕਾਸ਼ਿਤ ਹੋਇਆ। ਇਹ ਨਾਵਲ ਦਰਸ਼ਨ ਧੀਰ ਅਤੇ ਸਵਰਨ ਚੰਦਨ ਵਰਗੇ ਉਨ੍ਹਾਂ ਸਥਾਪਿਤ ਨਾਵਲਕਾਰਾਂ ਦੀਆਂ ਰਚਨਾਵਾਂ ਦੇ ਮਾੱਡਲ ਅਨੁਸਾਰ ਹੀ ਰਚਿਆ ਗਿਆ ਸੀ ਜਿਨ੍ਹਾਂ ਨੇ ਬਰਤਾਨੀਆਂ ਦੀ ਧਰਤੀ ਉੱਤੇ ਇਕ ਵਿਲੱਖਣ ਭਾਂਤ ਦੇ ਪ੍ਰਵਾਸੀ ਪੰਜਾਬੀ ਨਾਵਲ ਦਾ ਮੁੱਢ ਬੰਨ੍ਹਿਆਂ ਸੀ। ਇਨ੍ਹਾਂ ਨਾਵਲਕਾਰਾਂ ਨੇ ਪੱਛਮ ਦੇ ਵਿਕਸਿਤ ਸਰਮਾਇਦਾਰੀ ਪ੍ਰਬੰਧ ਵਿਚ ਵਿਚਰਦੇ ਪੰਜਾਬੀ ਭਾਈਚਾਰੇ ਦੇ ਜੀਵਨ ਅਤੇ ਯਥਾਰਥ ਦਾ ਬਿਰਤਾਂਤ ਉਸਾਰਦਿਆ ਉਸਦੇ ਹੋਂਦ-ਮੁੱਖੀ ਸੰਘਰਸ਼ ਦੀ ਗਾਥਾ ਬਿਆਨ ਕਰਨ ਦਾ ਜਤਨ ਕੀਤਾ ਸੀ। ਅਸਲ ਵਿਚ ਇਨ੍ਹਾਂ ਨਾਵਲਕਾਰਾਂ ਦੇ ਭਰਪੂਰ ਉਪਰਾਲਿਆ ਰਾਹੀਂ ਹੀ ਪੰਜਾਬੀ ਵਿਚ ਪਹਿਲੀ ਵਾਰ ਪ੍ਰਵਾਸੀ ਨਾਵਲ ਦਾ ਨਵਾਂ ਸੰਕਲਪ ਸਥਾਪਿਤ ਹੋਇਆ ਅਤੇ ਇਸਨੂੰ ਸਾਹਿੱਤਕ ਹਲਕਿਆਂ ਵਿਚ ਵਿਆਪਕ ਪ੍ਰਵਾਨਗੀ ਵੀ ਹਾਸਿਲ ਹੋਈ।

ਪੰਜਾਬ ਦੀ ਧਰਤੀ ਤੋਂ ਪ੍ਰਵਾਸ ਕਰਕੇ ਬਰਤਾਨੀਆਂ ਵਿਚ ਨਿਵਾਸ ਕਰਨ ਵਾਲੇ ਇਨ੍ਹਾਂ ਮੋਢੀ ਨਾਵਲਕਾਰਾਂ ਦਾ ਨਾਵਲੀ-ਜਗਤ ਪ੍ਰਵਾਸੀ ਜੀਵਨ-ਅਨੁਭਵ ਦੀ ਪੇਸ਼ਕਾਰੀ ਦੇ ਨਾਲ ਨਾਲ ਪ੍ਰਵਾਸ ਦੇ ਆਰ-ਪਾਰ ਫ਼ੈਲੇ ਹੋਏ ਇਤਿਹਾਸਕ ਸੰਦਰਭਾਂ ਨੂੰ ਵੀ ਆਪਣੇ ਅੰਦਰ ਸਮੇਟਣ ਦਾ ਜਤਨ ਕਰਦਾ ਹੈ ਅਤੇ ਇਓਂ ਆਵਾਸ ਅਤੇ ਪ੍ਰਵਾਸ ਦਾ ਦਸਤਾਵੇਜ਼ੀ ਬਿਰਤਾਂਤ ਉਸਾਰਨ ਵਲ ਵੀ ਰੁਚਿਤ ਹੁੰਦਾ ਹੈ ਜਿਸਦੇ ਮਹੱਤਵ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਹਰਜੀਤ ਅਟਵਾਲ ਨੇ **ਵਨ ਵੇ** ਨਾਵਲ ਦੇ ਹਵਾਲੇ ਨਾਲ ਆਪਣੇ ਪੂਰਬਵਰਤੀ / ਸਮਕਾਲੀ ਨਾਵਲਕਾਰਾਂ ਨਾਲੋਂ ਹਲਕਾ ਜਿਹਾ ਨਿਖੇੜ ਪੈਦਾ ਕਰਨ ਦੀ ਚੇਸ਼ਟਾ ਕੀਤੀ ਜੋ ਸੁਭਾਵਕ ਹੀ ਸੀ। ਉਸਨੇ ਆਪਣੇ ਇਸ ਨਾਵਲ ਵਿਚ ਪ੍ਰਵਾਸ ਦੇ ਵਰਤਮਾਨ ਯਥਾਰਥ ਨੂੰ ਵਧੇਰੇ ਨੀਝ ਨਾਲ ਚਿਤਰਨ ਦੀ ਰੁਚੀ ਦਰਸਾਈ। ਇਸਤੋਂ ਇਲਾਵਾ ਉਸਨੇ ਪ੍ਰਵਾਸੀ ਪੰਜਾਬੀ ਭਾਈਚਾਰੇ ਦੇ ਜੀਵਨ ਅਤੇ ਯਥਾਰਥ ਨੂੰ ਪੇਸ਼ ਕਰਦਿਆਂ ਸਮਕਾਲੀ ਬਰਤਾਨਵੀ ਸਮਾਜ ਨੂੰ ਵੀ ਪਿਛੋਕੜ ਵਿਚ ਰੱਖਣ ਦਾ ਜਤਨ ਕੀਤਾ। ਭਾਵੇਂ ਇਸ ਨਾਵਲ ਵਿਚ ਵੀ ਮੁੱਖ ਤੌਰ ਤੇ ਪ੍ਰਵਾਸ ਦੇ ਅਨੁਭਵ ਨੂੰ ਹੀ ਸਿਰਜਣਾ ਦਾ ਆਧਾਰ ਬਣਾਇਆ ਗਿਆ ਸੀ ਪਰ ਇਸ ਦੀ ਗਲਪੀ ਪੇਸ਼ਕਾਰੀ ਅਤੇ ਇਸਦੇ ਵਿਸ਼ੈਗਤ ਸਰੋਕਾਰਾਂ ਦੀ ਨਵੀਨਤਾ ਉਚੇਚਾ ਧਿਆਨ ਆਕਰਸ਼ਿਤ ਕਰਨ ਵਾਲੀ ਸੀ। ਦੂਸਰੇ ਸ਼ਬਦਾਂ ਵਿਚ, ਲੇਖਕ ਨੇ ਚੇਤ-ਅਚੇਤੀ ਪ੍ਰਵਾਸੀ ਜੀਵਨ-ਅਨੁਭਵ ਦੇ ਕੁਝ ਅਜਿਹੇ ਨਵੇਂ ਆਯਾਮਾਂ ਨੂੰ ਉਜਾਗਰ ਕਰਨ ਦਾ ਉਪਰਾਲਾ ਕੀਤਾ ਸੀ ਜੋ ਬਹੁ-ਸੱਭਿਆਚਾਰਕ ਬਰਤਾਨਵੀ ਸਮਾਜ ਦੀ ਅੰਦਰਲੀ ਹਕੀਕਤ ਨਾਲ ਸੰਬੰਧ ਰਖਦੇ

ਸਨ। ਇਸੇ ਗੱਲ ਵਿਚ ਹੀ ਉਸਦੀ ਨਾਵਲੀ ਵਿਲੱਖਣਤਾ ਦਾ ਰਹੱਸ ਛੁਪਿਆ ਹੋਇਆ ਸੀ। ਅਜਿਹਾ ਨਹੀਂ ਕਿ ਪੂਰਬ-ਵਰਤੀ ਪ੍ਰਵਾਸੀ ਨਾਵਲ ਵਿਚ ਇਸ ਹਕੀਕਤ ਨੂੰ ਅਣਡਿਠ ਕੀਤਾ ਗਿਆ ਸੀ ਜਾਂ ਇਸਦੀ ਪੇਸ਼ਕਾਰੀ ਵਲ ਲੋੜੀਂਦਾ ਧਿਆਨ ਨਹੀਂ ਸੀ ਦਿੱਤਾ ਗਿਆ। ਪਰ ਜਿਸ ਅੰਦਾਜ਼ ਵਿਚ **ਵਨ ਵੇ** ਨਾਵਲ ਇਨ੍ਹਾਂ ਸਰੋਕਾਰਾਂ ਨੂੰ ਸੰਬੋਧਿਤ ਹੁੰਦਾ ਹੈ ਉਹ ਹਰਜੀਤ ਅਟਵਾਲ ਦੇ ਹੀ ਹਿੱਸੇ ਆਇਆ ਹੈ। ਇਸੇ ਲਈ ਇਸ ਨਾਵਲ ਨੂੰ ਪੰਜਾਬੀ ਦੇ ਸਾਹਿੱਤਕ ਅਤੇ ਅਕਾਦਮਿਕ ਹਲਕਿਆਂ ਵਿਚ ਭਰਪੂਰ ਹੁੰਗਾਰਾ ਪ੍ਰਾਪਤ ਹੋਇਆ।

**ਵਨ ਵੇ** ਨਾਵਲ ਤੋਂ ਬਾਦ ਹੁਣ ਹਰਜੀਤ ਅਟਵਾਲ ਦਾ ਨਵਾਂ ਨਾਵਲ **ਰੇਤ** ਸਾਮ੍ਹਣੇ ਆਇਆ ਹੈ। ਇਸ ਨਾਵਲ ਦਾ ਵੀ ਪੰਜਾਬੀ ਪਾਠਕ-ਵਰਗ ਨੇ ਓਸੇ ਗਰਮਜੋਸ਼ੀ ਨਾਲ ਸਵਾਗਤ ਕੀਤਾ ਹੈ। ਗਲਪ-ਵਿਧੀ ਅਤੇ ਵਿਸ਼ੈ-ਸੰਗਠਨ ਦੀ ਦ੍ਰਿਸ਼ਟੀ ਤੋਂ ਇਹ ਨਾਵਲ **ਵਨ ਵੇ** ਨਾਵਲ ਦੀਆਂ ਸਿਰਜਣਾਤਮਕ ਸੰਭਾਵਨਾਵਾਂ ਨੂੰ ਹੋਰ ਉਜਾਗਰ ਕਰਦਾ ਹੈ। ਇਹ ਪ੍ਰਵਾਸੀ ਪੰਜਾਬੀ ਭਾਈਚਾਰੇ ਦੇ ਹੋਂਦ-ਮੁੱਖੀ ਸਰੋਕਾਰਾਂ ਅਤੇ ਖਪਤ-ਸੱਭਿਆਚਾਰ ਤੋਂ ਪ੍ਰਭਾਵਿਤ ਹੋ ਰਹੇ ਮਾਨਵੀ ਰਿਸ਼ਤਿਆਂ ਦੇ ਸੱਚ ਨੂੰ ਵੀ ਫ਼ਰੋਲਦਾ ਹੈ ਅਤੇ ਬਰਤਾਨਵੀ ਸਮਾਜ-ਸਭਿਆਚਾਰ ਦੀ ਵਰਤਮਾਨ ਹਕੀਕਤ ਦਾ ਹੋਰ ਵਧੇਰੇ ਬਾਰੀਕੀ ਨਾਲ ਵਿਸ਼ਲੇਸ਼ਣ ਪੇਸ਼ ਕਰਦਾ ਹੈ। ਇਥੇ ਸਾਡਾ ਮੰਤਵ ਉਸਦੀ ਨਾਵਲ-ਨਿਗਾਰੀ ਦਾ ਤੁਲਨਾਤਮਕ ਪਰਿਪੇਖ ਉਸਾਰਨਾ ਨਹੀਂ ਅਤੇ ਨਾ ਹੀ ਸਮਕਾਲੀ ਨਾਵਲਕਾਰਾਂ ਦੇ ਸੰਦਰਭ ਵਿਚ ਉਸਨੂੰ ਛੁਟਿਆਉਣਾ ਜਾਂ ਵਡਿਆਉਣਾ ਹੈ। ਸਾਡਾ ਮਕਸਦ ਤਾਂ ਸਿਰਫ਼ ਉਸਦੀ ਸਿਰਜਣਾਤਮਕ ਵਿਲੱਖਣਤਾ ਵਲ ਸੰਕੇਤ ਕਰਨਾ ਹੈ ਕਿਉਂ ਜੋ ਹਰ ਪ੍ਰਾਮਾਣਿਕ ਰਚਨਾ ਅਦੁੱਤੀ ਜਾਂ ਵਿਲੱਖਣ ਹੁੰਦੀ ਹੈ। ਹਰ ਰਚਨਾਕਾਰ ਸ਼ਬਦਾਂ ਦੇ ਮਾਧਿਅਮ ਰਾਹੀਂ ਅਰਥਾਂ ਦਾ ਅਜਿਹਾ ਪ੍ਰਬੰਧ ਉਸਾਰਦਾ ਹੈ ਜੋ ਉਸਦੀ ਵਿਸ਼ਵ-ਦ੍ਰਿਸ਼ਟੀ ਅਤੇ ਯਥਾਰਥਬੋਧ ਦੀ ਵਿਲੱਖਣਤਾ ਨੂੰ ਪ੍ਰਮਾਣਿਤ ਕਰਦਾ ਹੈ। ਮਸਲਾ ਸਿਰਫ਼ ਇਸ ਵਿਲੱਖਣਤਾ ਨੂੰ ਪਛਾਨਣ ਜਾਂ ਪਰਿਭਾਸ਼ਿਤ ਕਰਨ ਦਾ ਹੁੰਦਾ ਹੈ ਕਿਉਂਕਿ ਇਸੇ ਵਿਚ ਹੀ ਰਚਨਾਕਾਰ ਦੇ ਸਿਰਜਿਤ-ਸੰਸਾਰ ਦੀ ਅਰਥ-ਸਾਥਕਤਾ ਦਾ ਰਹੱਸ ਛੁਪਿਆ ਹੁੰਦਾ ਹੈ। ਹਥਲੇ ਪਰਚੇ ਵਿਚ ਸਾਡਾ ਸਰੋਕਾਰ ਮੁੱਖ ਤੌਰ ਤੇ ਹਰਜੀਤ ਅਟਵਾਲ ਦੇ ਨਵ-ਪ੍ਰਕਾਸ਼ਿਤ ਨਾਵਲ **ਰੇਤ** ਦੇ ਅਧਿਐਨ ਅਤੇ ਵਿਸ਼ਲੇਸ਼ਣ ਨਾਲ ਹੈ। ਇਸ ਨਾਵਲ ਦੀ ਸਿਰਜਣਾਤਮਕ ਵਿਲੱਖਣਤਾ ਦਾ ਰਹੱਸ ਫ਼ਰੋਲਣ ਲਈ ਇਸਦਾ ਨਿਕਟ ਅਧਿਅਨ ਕਰਨਾ ਪਵੇਗਾ।

ਜਦੋਂ ਅਸੀਂ **ਰੇਤ** ਨਾਵਲ ਨੂੰ ਗਹੁ ਨਾਲ ਵਾਚਦੇ ਹਾਂ ਤਾਂ ਸਭ ਤੋਂ ਪਹਿਲਾਂ ਇਸਦਾ ਸਿਰਲੇਖ ਸਾਡਾ ਧਿਆਨ ਆਕਰਸ਼ਿਤ ਕਰਦਾ ਹੈ। ਰੇਤ ਕੁਦਰਤੀ ਵਰਤਾਰੇ ਨਾਲ ਸੰਬੰਧਿਤ ਸ਼ਬਦ ਹੈ ਜਿਸਦੇ ਉਚਾਰਦਿਆਂ ਹੀ ਅਨੇਕਾਂ ਵੇਰਵੇ ਨਜ਼ਰਾਂ ਸਾਮ੍ਹਣੇ ਘੁੰਮ ਜਾਂਦੇ ਹਨ – ਤਪਦੇ ਮਾਰੂਥਲਾਂ / ਟਿੱਬਿਆਂ ਵਿਚ ਉਡਦੀ ਰੇਤ, ਰੇਗਿਸਤਾਨਾਂ ਵਿਚ ਦਿਸਹੱਦਿਆਂ ਤੀਕ ਫੈਲੀ ਰੇਤ, ਵਾਵਰੋਲਿਆਂ ਚ ਉਡਦੀ ਰੇਤ, ਹੱਥਾਂ ਚੋਂ ਕਿਰਦੀ ਰੇਤ, ਅਤੇ ਇਹੋ ਜਿਹੇ ਹੋਰ ਕਿੰਨੇ ਹੀ ਵੇਰਵੇ। ਜਾਪਦਾ ਹੈ ਜਿਵੇਂ ਰੇਤ ਇਸ ਨਾਵਲ ਦਾ ਕੇਂਦਰੀ ਚਿਹਨ ਜਾਂ ਮੈਟਾਫ਼ਰ ਹੋਵੇ। ਜਦੋਂ ਅਸੀਂ ਇਸ ਸ਼ਬਦ ਦੀ ਉਂਗਲੀ ਫੜ ਕੇ ਨਾਵਲ ਦੇ ਸਿਰਜਿਤ ਸੰਸਾਰ ਵਿਚ ਪ੍ਰਵੇਸ਼ ਕਰਦੇ ਹਾਂ ਤਾਂ ਸਾਨੂੰ ਕਿਧਰੇ ਵੀ ਰੇਤ ਦਿਖਾਈ ਨਹੀਂ ਦਿੰਦੀ ਅਤੇ ਨਾ ਹੀ ਜ਼ਾਹਰਾ ਤੌਰ ਤੇ ਕਿਧਰੇ ਇਸਦਾ ਜ਼ਿਕਰ ਮਿਲਦਾ ਹੈ। ਅਸੀਂ ਸੋਚੀਂ ਪੈ ਜਾਂਦੇ ਹਾਂ ਕਿ ਨਾਵਲਕਾਰ ਨੇ ਆਖ਼ਰ ਇਸ ਨਜ਼ਰ ਨਾ ਆਉਣ ਵਾਲੀ ਰੇਤ ਨੂੰ ਹੀ ਕਿਉਂ ਆਪਣੀ ਰਚਨਾ ਦਾ ਸਿਰਲੇਖ ਬਣਾਇਆ ਹੈ। ਪਰ ਜਦੋਂ ਅਸੀਂ ਇਸ ਰਚਨਾ ਦੇ ਪਾਠਕੀ ਵੇਰਵਿਆਂ ਦਾ ਰਤਾ ਹੋਰ ਗਹਿਰਾਈ ਨਾਲ ਅਧਿਐਨ ਕਰਦੇ ਹਾਂ ਤਾਂ ਪਤਾ ਚਲਦਾ ਹੈ ਕਿ ਰੇਤ ਤਾਂ ਇਸਦੀ ਡੂੰਘ-ਸੰਰਚਨਾ ਵਿਚ ਸਮਾਇਆ ਹੋਇਆ ਸ਼ਕਤੀਸ਼ਾਲੀ ਪ੍ਰਤੀਕ ਹੈ। ਧਿਆਨੀ ਇਕਾਗਰਤਾ ਨਾਲ ਵਾਚਦਿਆਂ ਇਸਦੇ

ਸਮੂਹ ਬਿਰਤਾਂਤਕ ਵੇਰਵਿਆਂ ਵਿਚ ਇਸ ਸ਼ਬਦ ਦੀਆਂ ਅਰਥ-ਧੁਨੀਆ ਸੁਣਾਈ ਦਿੰਦੀਆ ਹਨ। ਗੱਲ ਭਾਵੇਂ ਇਸਦੇ ਮੁੱਖ ਪਾਤਰਾਂ ਦੇ ਪਰਸਪਰ ਰਿਸ਼ਤਿਆਂ ਦੀ ਹੋਵੇ ਅਤੇ ਭਾਵੇਂ ਉਨ੍ਹਾਂ ਦੇ ਵਸੇਬ ਦੀ, ਹਰ ਸਥਿਤੀ ਰੇਤ ਵਾਂਗ ਕਿਰਦੀ / ਭੁਰਦੀ ਜਾਪਦੀ ਹੈ। ਇਸ ਵਿਚਲੇ ਪਾਤਰ ਮੋਹ - ਮੁਹੱਬਤ ਦੇ ਰਿਸ਼ਤਿਆ ਨੂੰ ਹਰ ਹੀਲੇ ਪੱਕੀ ਪੀਡੀ ਤਰ੍ਹਾਂ ਮੁੱਠੀ ਵਿਚ ਘੁੱਟੀ ਰਖਣਾ ਚਾਹੁੰਦੇ ਹਨ ਪਰ ਇਹ ਰਿਸ਼ਤੇ ਪਲਾਂ ਛਿਣਾਂ ਵਿਚ ਪਲੀ ਰੇਤ ਵਾਂਗ ਕਿਰ ਜਾਂਦੇ ਹਨ ਅਤੇ ਉਨ੍ਹਾਂ ਦੀ ਜ਼ਿੰਦਗੀ ਵਿਚ ਮਾਰੂਥਲ ਦੀ ਵੀਰਾਨੀ ਫੈਲ ਜਾਂਦੀ ਹੈ। **ਰੇਤ** ਨਾਵਲ ਮਾਨਵੀ ਰਿਸ਼ਤਿਆ ਦੀ ਇਸੇ ਕਿਸਮ ਦੀ ਕਿਰਦੀ / ਭੁਰਦੀ ਸਥਿਤੀ ਨੂੰ ਮੂਤੀਮਾਨ ਕਰਦਾ ਹੈ। ਇਹ ਸਥਿਤੀ ਨਾਵਲ ਦੇ ਆਦਿ ਤੋਂ ਲੈਕੇ ਅੰਤ ਤਕ ਫੈਲੀ ਹੋਈ ਹੈ। ਮਿਸਾਲ ਵਜੋਂ ਨਾਵਲ ਦੀਆਂ ਇਨ੍ਹਾਂ ਮੁੱਢਲੀਆਂ ਪੰਗਤੀਆਂ ਨੂੰ ਹੀ ਲੈ ਲਵੋ :

"ਉਸ ਦਿਨ ਵੰਡ-ਵੰਡਾਈ ਕਰਨੀ ਸੀ। ਮੈਂ ਵਕਤ ਸਿਰ ਪੁਜ ਗਈ ਪਰ ਰਵੀ ਦਾ ਕਿਧਰੇ ਨਾਂ-ਨਿਸ਼ਾਨ ਨਹੀਂ ਸੀ। . . . ਰਵੀ ਹਿੰਸਕ ਵੀ ਹੋ ਸਕਦਾ ਸੀ । ਪਹਿਲਾਂ ਵੀ ਤਾਂ ਮੈਨੂੰ ਕੁੱਟ ਚੁੱਕਿਆ ਸੀ ਪਰ ਫਿਰ ਮੈਂ ਡਰ ਲਾਹ ਮਾਰਿਆ . . . ਰਵੀ ਪਹਿਲਾਂ ਵਾਲਾ ਰਵੀ ਨਹੀਂ ਸੀ ਰਿਹਾ। ਬਹੁਤ ਬਦਲ ਗਿਆ ਸੀ। ਪਤਾ ਨਹੀਂ ਸੀ ਉਸਨੂੰ ਕੌਣ ਚੁੱਕਦਾ ਸੀ । ਉਸਦਾ ਭਰਾ, ਭੈਣ, ਮਾਂ-ਪਿਉ ਜਾਂ ਕੋਈ ਹੋਰ। ਜੇ ਉਸਦੀ ਮਾਂ ਨਾ ਆਈ ਹੁੰਦੀ ਤਾਂ ਵੀ ਸ਼ਾਇਦ ਗੱਲ ਇਥੇ ਤਕ ਨਾ ਪੁਜਦੀ। ਮੇਰੇ ਡੈਡੀ ਪਾਰਕਿਨਸਨ ਡਿਜ਼ੀਜ਼ ਦੇ ਮਰੀਜ਼ ਨਾ ਬਣਦੇ ਤਾਂ ਵੀ ਸ਼ਾਇਦ ਸਭ ਠੀਕ ਰਿਹਾ ਹੁੰਦਾ। ਹੁਣ ਤਾਂ ਸਭ ਹੋ ਚੁੱਕਾ ਸੀ। ਅਸੀਂ ਅਲੱਗ-ਅਲੱਗ ਹੋ ਚੁੱਕੇ ਸਾਂ। ਸਾਡਾ ਘਰ ਵਿਕ ਚੁੱਕਾ ਸੀ। ਨਵੇਂ ਮਾਲਕ ਆ ਰਹੇ ਸਨ। . . . "
( ਪੰਨਾ - 7-9 )

ਇਨ੍ਹਾਂ ਪੰਗਤੀਆਂ ਵਿਚ ਘਰ ਦੀ ਵੰਡ-ਵੰਡਾਈ ਅਸਲ ਵਿਚ ਇਸਦੇ ਮੁੱਖ-ਪਾਤਰਾਂ (ਰਵੀ ਤੇ ਕੰਵਲ) ਦੇ ਰਿਸ਼ਤਿਆਂ ਵਿਚ ਉੱਭਰ ਰਹੀਆਂ ਤ੍ਰੇੜਾਂ ਅਤੇ ਘਰ ਦੇ ਵਿਗਠਨ ਦੀ ਲਖਾਇਕ ਹੈ। ਇਸਦੇ ਨਾਲ ਹੀ ਇਥੇ ਇਸ ਤ੍ਰਾਸਦਿਕ ਸਥਿਤੀ ਦੇ ਸੰਭਾਵੀ ਕਾਰਣਾਂ ਵਲ ਵੀ ਸੰਕੇਤ ਕੀਤਾ ਗਿਆ ਹੈ। ਇਸ ਤਰ੍ਹਾਂ ਨਾਵਲ ਦੇ ਆਰੰਭ ਵਿਚ ਹੀ ਰੇਤ ਸ਼ਬਦ ਦੀ ਅਰਥ-ਧੁਨੀ ਇਸਦੇ ਕੇਂਦਰੀ ਚਿਹਨ ਜਾਂ ਮੈਟਾਫ਼ਰ ਦੇ ਰੂਪ ਵਿਚ ਆਪ-ਮੁਹਾਰੇ ਉੱਭਰਦੀ ਹੈ। ਅਸਲ ਵਿਚ ਰੇਤ ਦਾ ਇਹ ਮੈਟਾਫ਼ਰ (metaphor) ਨਾਵਲ ਦੇ ਸਮੁੱਚੇ ਵਿਸਤਾਰ ਵਿਚ ਫ਼ੈਲਿਆ ਹੋਇਆ ਹੈ ਅਤੇ ਇਸ ਵਿਚਲੇ ਪਾਤਰਾਂ ਦੀ ਸਥਿਤੀ ਅਤੇ ਮਨੋਸਥਿਤੀ ਦਾ ਪ੍ਰਤੀਕ ਹੋ ਨਿਬੜਦਾ ਹੈ।

ਨਾਵਲੀ ਵਿਧੀ ਦੇ ਪੱਖੋਂ ਇਸ ਨਾਵਲ ਦੀ ਵਿਸ਼ੇਸ਼ਤਾ ਇਹ ਹੈ ਕਿ ਇਸਦੀ ਰਚਨਾ-ਜੁਗਤ ਪਰੰਪਰਕ ਨਾਵਲ ਵਾਂਗ ਘਟਨਾਵਾਂ ਨੂੰ ਕਿਸੇ ਮਿਥੀ ਹੋਈ ਵਿਉਂਤ ਅਨੁਸਾਰ ਪੇਸ਼ ਕਰਨ ਦੀ ਨਹੀਂ ਸਗੋਂ ਪਾਤਰਾਂ ਦੇ ਮਾਨਸਿਕ ਪ੍ਰਤਿਕਰਮਾਂ ਨੂੰ ਅੰਕਿਤ ਕਰਨ ਦੀ ਹੈ। ਇਹੀ ਕਾਰਣ ਹੈ ਕਿ ਇਸ ਨਾਵਲ ਦਾ ਬਹੁਤਾ ਕਾਰਜ ਸਮੇਂ ਵਿਚ ਨਹੀਂ ਸਗੋਂ ਸਥਾਨ ਵਿਚ ਵਾਪਰਦਾ ਹੈ। ਦੂਸਰੇ ਸ਼ਬਦਾਂ ਵਿਚ ਇਹ ਨਾਵਲ ਕਥਾਨਕ ਰਹਿਤ ਅਤੇ ਖੁਲ੍ਹੇ ਅੰਤ ਵਾਲਾ ਹੈ। ਇਸਦੀ ਵਿਧੀ ਮਨੋਵਿਗਿਆਨਕ ਨਾਵਲ ਨਾਲ ਮੇਲ ਖਾਂਦੀ ਹੈ ਕਿਉਂਕਿ ਇਹ ਯਥਾਰਥ ਦੇ ਬਾਹਰਮੁੱਖੀ ਵੇਰਵਿਆਂ ਨਾਲੋਂ ਵਧੇਰੇ ਪਾਤਰਾਂ ਦੇ ਮਨੋਯਥਾਰਥ ਵਿਚ ਫੈਲਦਾ ਹੈ।

ਇਸ ਤੋਂ ਇਲਾਵਾ ਇਹ ਨਾਵਲ ਇਕੋ ਘਟਨਾ-ਕ੍ਰਮ ਨੂੰ ਵੱਖ-ਵੱਖ ਪਾਤਰਾਂ ਦੇ ਦ੍ਰਿਸ਼ਟੀ-ਬਿੰਦੂ ਤੋਂ ਪੇਸ਼ ਕਰਕੇ ਉਨ੍ਹਾਂ ਦੇ ਆਪੋ ਆਪਣੇ ਵਿਅਕਤੀਗਤ ਸੱਚ ਨੂੰ ਰੂਪਮਾਨ ਕਰਨ ਦੀ ਜੁਗਤ ਅਪਣਾਉਂਦਾ ਹੈ। ਗਿਆਨ-ਸ਼ਾਸਤਰ ਦੇ ਸਮਕਾਲੀਨ ਸੰਦਰਭ ਵਿਚ ਇਹ ਗੱਲ ਬਹੁਤ ਮਹੱਤਵਪੂਰਣ ਹੈ। ਇਹ ਗੱਲ ਇਕਤਰ੍ਹਾਂ ਨਾਲ ਉੱਤਰ-ਆਧੁਨਿਕ ਸੋਚ ਦੀ

ਲਖਾਇਕ ਹੈ ਜਿਸਦੇ ਅੰਤਰਗਤ ਹਰ ਮਨੁੱਖੀ ਭਾਈਚਾਰੇ, ਸੱਭਿਆਚਾਰ, ਵਰਗ ਜਾਂ ਵਿਅਕਤੀ ਦੇ ਜੀਵਨ ਦਾ ਆਪਣਾ ਯਥਾਰਥ ਤੇ ਆਪਣਾ ਸੱਚ ਹੁੰਦਾ ਹੈ ਜੋ ਉਸਦੀ ਨਿਵੇਕਲੀ ਹਸਤੀ ਤੇ ਹੋਂਦ ਵਲ ਸੰਕੇਤ ਕਰਦਾ ਹੈ। ਗਲਪ-ਰਚਨਾਵਾਂ ਵਿਚ ਇਸ ਗਲ ਦਾ ਪ੍ਰਗਟਾਵਾ ਸਮਾਨੰਤਰ ਜਾਂ ਬਦਲਵੇਂ ਬਿਰਤਾਂਤਕ ਦ੍ਰਿਸ਼ਟੀਕੋਣਾਂ (narrative points of view) ਦੀ ਜੁਗਤ ਰਾਹੀਂ ਕੀਤਾ ਜਾਂਦਾ ਹੈ। ਇਹ ਜੁਗਤ ਵੱਖ-ਵੱਖ ਪਾਤਰਾਂ ਨੂੰ ਆਪੋ-ਆਪਣੀ ਹਸਤੀ ਅਤੇ ਹੋਂਦ ਦਾ ਸੱਚ ਉਚਾਰਣ ਦਾ ਮੌਕਾ ਪ੍ਰਦਾਨ ਕਰਦੀ ਹੈ। ਇਸਦੇ ਅੰਤਰਗਤ ਲੇਖਕ ਆਪਣੇ ਨਿਰੋਲ ਨਿਜੀ ਅਨੁਭਵ ਅਤੇ ਬੋਧ ਵਿਚੋਂ ਉਪਜੀ ਦ੍ਰਿਸ਼ਟੀ ਨੂੰ ਪਾਤਰਾਂ ਉੱਪਰ ਥੋਪਣ ਤੋਂ ਗ਼ੁਰੇਜ਼ ਕਰਦਾ ਹੈ। ਸਮਕਾਲੀ ਸਾਹਿੱਤ-ਚਿੰਤਕ ਬਾਖ਼ਤਿਨ ਅਨੁਸਾਰ ਅਜਿਹੀ ਰਚਨਾ ਬਹੁ-ਨਾਦੀ (poly-phonic) ਹੁੰਦੀ ਹੈ ਜਿਸ ਵਿਚੋਂ ਸੱਚ ਦੀਆਂ ਬਹੁ-ਪਰਿਪੇਖੀ ਅਤੇ ਸਮਾਨੰਤਰ ਅਰਥ-ਧੁਨੀਆਂ ਸੁਣਾਈ ਦਿੰਦੀਆਂ ਹਨ। ਅਜਿਹੀ ਰਚਨਾ ਭਿੰਨ-ਭਿੰਨ ਸੋਚਾਂ ਅਤੇ ਦ੍ਰਿਸ਼ਟੀਆਂ ਵਿਚਕਾਰ ਸੰਵਾਦ ਦੀ ਸੰਭਾਵਨਾ ਰਖਦੀਆਂ ਹਨ। ਹਰਜੀਤ ਅਟਵਾਲ ਪੰਜਾਬੀ ਦੇ ਉਨ੍ਹਾਂ ਗਿਣੇ-ਚੁਣੇ ਸਮਰੱਥਾਵਾਨ ਨਾਵਲਕਾਰਾਂ ਵਿਚੋਂ ਹੈ ਜਿਨ੍ਹਾਂ ਨੇ ਇਸ ਕਿਸਮ ਦੇ ਪ੍ਰਯੋਗਸ਼ੀਲ ਬਿਰਤਾਂਤਕ ਦ੍ਰਿਸ਼ਟੀਕੋਣ ਦੀ ਸਫਲ ਵਰਤੋਂ ਕੀਤੀ ਹੈ। ਇਹ ਪ੍ਰਯੋਗਸ਼ੀਲ ਜੁਗਤ ਯਥਾਰਥ ਦਾ ਬਹੁ-ਪਰਿਪੇਖੀ ਦ੍ਰਿਸ਼ ਉਸਾਰਦੀ ਹੈ ਅਤੇ ਸੱਚ ਦੀ ਸਾਪੇਖ ਹੋਂਦ ਨੂੰ ਪ੍ਰਵਾਨ ਕਰਦੀ ਹੋਈ ਕਿਸੇ ਇਕੋ-ਇਕ, ਵਿਸ਼ਵ-ਵਿਆਪੀ ਜਾਂ ਨਿਰਪੇਖ ਸੱਚ ਦੀ ਧਾਰਣਾ ਨੂੰ ਰੱਦ ਕਰਦੀ ਹੈ।

**ਰੇਤ** ਨਾਵਲ ਦਾ ਸਾਰਾ ਬਿਰਤਾਂਤ ਪੇਸ਼ਕਾਰੀ ਦੀ ਇਸੇ ਜੁਗਤ ਅਨੁਸਾਰ ਰਚਿਆ ਗਿਆ ਹੈ। ਮਿਸਾਲ ਵਜੋਂ ਜੇ ਇਸ ਨਾਵਲ ਦਾ ਪਹਿਲਾ ਕਾਂਡ ਕੰਵਲ ਪਾਤਰ ਦੇ ਦ੍ਰਿਸ਼ਟੀ ਬਿੰਦੂ ਦੀ ਪ੍ਰਤਿਨਿਧਤਾ ਕਰਦਾ ਹੈ ਤਾਂ ਇਸਦਾ ਦੂਸਰਾ ਕਾਂਡ ਰਵੀ ਦੇ ਨੁਕਤਾ ਨਜ਼ਰ ਨੂੰ ਪੇਸ਼ ਕਰਦਾ ਹੈ। ਦੋਹਾਂ ਦੀ ਸਥਿਤੀ ਭਾਵੇਂ ਇਕੋ ਜਿਹੀ ਹੈ ਪਰ ਦੋਹਾਂ ਦਾ ਮਾਨਸਿਕ-ਭਾਵੁਕ ਪ੍ਰਤਿਕਰਮ ਵੱਖੋ ਵੱਖਰਾ ਹੈ। ਇਸੇ ਤਰ੍ਹਾਂ ਜਦੋਂ ਇਸ ਨਾਵਲ ਵਿਚ ਇਕ ਤੀਸਰਾ ਪਾਤਰ, ਕਿਰਨ, ਪ੍ਰਵੇਸ਼ ਕਰਦਾ ਹੈ ਤਾਂ ਨਾਵਲਕਾਰ ਉਸਨੂੰ ਵੀ ਬਿਰਤਾਂਤਕ ਦ੍ਰਿਸ਼ਟੀਕੋਣ ਦੀ ਤੀਸਰੀ ਧਿਰ ਬਣਾ ਕੇ ਪੇਸ਼ ਕਰਦਾ ਹੈ। ਇਹ ਗੱਲ ਇਸ ਨਾਵਲ ਦੇ ਬਿਰਤਾਂਤ-ਸ਼ਾਸਤਰ ਦਾ ਮਹੱਤਵਪੂਰਣ ਪਹਿਲੂ ਹੈ ਜਿਸਦੀ ਪ੍ਰਸੰਸਾ ਕਰਨੀ ਬਣਦੀ ਹੈ। ਇਹ ਤਿੰਨੇ ਪਾਤਰ ਆਪੋ ਆਪਣੀ ਸਥਿਤੀ ਅਤੇ ਮਾਨਸਿਕਤਾ ਅਨੁਸਾਰ ਵਾਪਰੀਆਂ ਘਟਨਾਵਾਂ ਅਤੇ ਰਿਸ਼ਤਿਆਂ ਨੂੰ ਪਰਿਭਾਸ਼ਿਤ ਕਰਦੇ ਹਨ ਜਿਸ ਨਾਲ ਸੱਚ ਦਾ ਬਹੁ-ਪਰਿਪੇਖੀ ਦ੍ਰਿਸ਼ ਸਾਕਾਰ ਹੋ ਉਠਦਾ ਹੈ। ਬਿਰਤਾਂਤਕ ਦ੍ਰਿਸ਼ਟੀਕੋਣ ਦੀ ਇਹ ਭਿੰਨਤਾ ਇਸ ਨਾਵਲ ਦੀ ਵਿਲੱਖਣਤਾ ਵੀ ਹੈ ਅਤੇ ਖ਼ੂਬੀ ਵੀ, ਪਰ ਅਜਿਹਾ ਕਰਦਿਆਂ ਨਾਵਲਕਾਰ ਕਿਧਰੇ ਕਿਧਰੇ ਲੋੜ ਤੋਂ ਵਧ ਦੁਹਰਾਉ ਦੀ ਪ੍ਰਵਿਰਤੀ ਦਾ ਸ਼ਿਕਾਰ ਹੋ ਜਾਂਦਾ ਹੈ ਜਿਸ ਕਾਰਣ ਬਿਰਤਾਂਤ ਦੇ ਸਹਿਜ ਪ੍ਰਵਾਹ ਵਿਚ ਵਿਘਨ ਪੈਂਦਾ ਹੈ। ਨਾਵਲਕਾਰ ਨੂੰ ਇਸ ਪੱਖੋਂ ਸੁਚੇਤ ਰਹਿਣ ਦੀ ਲੋੜ ਹੈ। ਅਸਲ ਵਿਚ ਕਿਸੇ ਵੀ ਪ੍ਰਗਟਾਉ-ਵਿਧੀ ਜਾਂ ਜੁਗਤ ਨੂੰ ਸੰਜਮ ਅਤੇ ਤਰਕ ਨਾਲ ਵਰਤਣਾ ਹੀ ਵਧੇਰੇ ਉਚਿਤ ਹੁੰਦਾ ਹੈ।

**ਰੇਤ** ਨਾਵਲ ਦੀ ਵਿਲੱਖਣਤਾ ਦਾ ਦੂਸਰਾ ਮਹੱਤਵਪੂਰਣ ਪੱਖ ਇਸਦੇ ਵਿਸ਼ੈਗਤ ਸਰੋਕਾਰਾਂ ਨਾਲ ਸੰਬੰਧਿਤ ਹੈ। ਹਰ ਸਾਹਿੱਤ-ਰਚਨਾ ਸ਼ਬਦਾਂ ਦੇ ਮਾਧਿਅਮ ਰਾਹੀਂ ਅਰਥਾਂ ਦਾ ਉਤਪਾਦਨ ਕਰਦੀ ਹੈ ਜੋ ਅੰਤਿਮ ਤੌਰ ਤੇ ਵਿਰਸੇ ਜਾਂ ਵਰਤਮਾਨ ਨਾਲ ਰਚਿਆ ਸੰਵਾਦ ਹੁੰਦਾ ਹੈ। ਹਰਜੀਤ ਅਟਵਾਲ ਦਾ ਇਹ ਨਾਵਲ ਇਕ ਪ੍ਰਵਾਸੀ ਪਰਿਵਾਰ ਦੇ ਵਿਗਠਨ ਦੀ ਕਹਾਣੀ ਬਿਆਨ ਕਰਦਾ ਹੈ। ਇਹ ਪਰਵਾਰ ਮੂਲ ਰੂਪ ਵਿਚ ਕੰਵਲ, ਰਵੀ ਅਤੇ ਕਿਰਨ ਦੇ ਪਾਤਰਾਂ ਨਾਲ ਸੰਬੰਧ ਰਖਦਾ ਹੈ ਅਤੇ ਇਨ੍ਹਾਂ ਦੇ ਬਣਦੇ, ਵਿਗਸਦੇ ਅਤੇ ਤਿੜਕਦੇ ਰਿਸ਼ਤਿਆਂ ਦਾ ਬਿਰਤਾਂਤ ਉਸਾਰਦਾ ਹੈ। ਅਜਿਹਾ ਕਰਦਿਆਂ

ਲੇਖਕ ਨੇ ਇਨ੍ਹਾਂ ਵੱਖ-ਵੱਖ ਪਰਿਵਾਰਕ ਪਿਛੋਕੜਾਂ ਵਾਲੇ ਪਾਤਰਾਂ ਦੀਆਂ ਆਪੋ ਆਪਣੀਆਂ ਸਾਮਾਜਿਕ ਸਥਿਤੀਆਂ, ਆਰਥਕ ਲੋੜਾਂ ਅਤੇ ਪਰਿਵਾਰਕ ਰਵਾਇਤਾਂ ਨੂੰ ਵੀ ਧਿਆਨ ਦੇ ਕੇਂਦਰ ਵਿਚ ਰੱਖਿਆ ਹੈ ਅਤੇ ਸੁਭਾ ਦੀਆਂ ਨਿਜੀ ਵਿਸ਼ੇਸ਼ਤਾਵਾਂ ਨੂੰ ਵੀ। ਇਸਦੇ ਨਾਲ ਹੀ ਉਸਨੇ ਬਰਤਾਨਵੀ ਸਮਾਜ-ਸੱਭਿਆਚਾਰ ਦੇ ਵਰਤਮਾਨ ਯਥਾਰਥ ਨੂੰ ਵੀ ਬਿਰਤਾਂਤ ਦੇ ਪਿਛੋਕੜ ਵਿਚ ਰੱਖਿਆ ਹੈ। ਖ਼ਾਸ ਤੌਰ ਤੇ ਉਸਨੇ ਇਥੋਂ ਦੀ ਬਹੁ-ਸੱਭਿਆਚਾਰਕ ਸਾਮਾਜਿਕ ਬਣਤਰ, ਉੱਤਰ- ਪੂੰਜੀਵਾਦੀ ਵਿਵਸਥਾ ਅਤੇ ਵਿਸ਼ਵੀਕਰਣ ਦੇ ਪ੍ਰਭਾਵ-ਅਧੀਨ ਬਦਲ ਰਹੇ ਮਾਨਵੀ ਰਿਸ਼ਤਿਆਂ ਦਾ ਵਿਸ਼ਲੇਸ਼ਣ ਵੀ ਪੇਸ਼ ਕੀਤਾ ਹੈ। ਇਸ ਸਮੁੱਚੇ ਪ੍ਰਸੰਗ ਨੂੰ ਲੇਖਕ ਨੇ ਇਸ ਵਿਚਲੇ ਚਾਰ ਮੁੱਖ-ਪਾਤਰਾਂ ਦੇ ਹਵਾਲੇ ਨਾਲ ਬਿਆਨ ਕੀਤਾ ਹੈ - ਰਵੀ, ਕੰਵਲ, ਬੀਟਰਸ ਅਤੇ ਕਿਰਨ। ਇਨ੍ਹਾਂ ਪਾਤਰਾਂ ਦੀ ਆਪੋ ਆਪਣੀ ਸਥਿਤੀ ਅਤੇ ਮਾਨਸਿਕਤਾ ਹੈ ਅਤੇ ਇਹ ਇਕ ਦੂਸਰੇ ਨਾਲ ਪਿਆਰ, ਨਫ਼ਰਤ, ਕਾਮਨਾ, ਲਾਲਸਾ, ਬੇਰੁਖ਼ੀ ਜਾਂ ਅਲਗਾਵ ਦੀਆਂ ਗੁੰਜਲਦਾਰ ਤੰਦਾਂ ਵਿਚ ਬੱਝੇ ਹੋਏ ਹਨ। ਰਵੀ ਤੇ ਕੰਵਲ ਦੀ ਤ੍ਰਾਸਦਿਕ ਵਿਡੰਬਨਾ ਇਹ ਹੈ ਕਿ ਉਹ ਇਕ ਦੂਸਰੇ ਨੂੰ ਚਾਹ ਕੇ ਵੀ ਆਪਣੀ ਚਾਹਤ ਨੂੰ ਸਾਲਮ-ਸਬੂਤਾ ਨਹੀਂ ਰੱਖ ਸਕਦੇ। ਉਨ੍ਹਾਂ ਦਾ ਮੁਹੱਬਤੀ ਰਿਸ਼ਤਾ ਪਰਿਵਾਰਕ ਦਖ਼ਲ-ਅੰਦਾਜ਼ੀ ਅਤੇ ਕਦਰਾਂ-ਕੀਮਤਾਂ ਦੇ ਟਕਰਾਉ ਕਾਰਣ ਨਾ ਚਾਹੁੰਦਿਆ ਵੀ ਤਿੜਕ ਜਾਂਦਾ ਹੈ। ਰਵੀ ਆਪਣੀ ਮਰਦ-ਹਉਮੈ ਕਾਰਣ ਅਤੇ ਕੰਵਲ ਅਪਣੇ ਉਲਾਰ ਪਿਤਰੀ-ਮੋਹ ਕਾਰਣ ਇਕ ਦੂਸਰੇ ਨਾਲੋਂ ਵੱਖ ਹੋ ਜਾਂਦੇ ਹਨ। ਕਿਰਨ ਅਤੇ ਰਵੀ ਨੂੰ ਜੋੜਨ ਵਾਲੀ ਕੜੀ ਸਿਰਫ਼ ਉਨ੍ਹਾਂ ਦਾ ਪੁੱਤਰ, ਲਾਲ, ਹੈ। ਇਹ ਦੋਵੇਂ ਪਾਤਰ ਚੇਤ-ਅਚੇਤੀ ਰਿਸ਼ਤਿਆਂ ਦੀ ਰਾਜਨੀਤੀ ਵਿਚ ਉਲਝ ਜਾਂਦੇ ਹਨ ਅਤੇ ਅਲਗਾਉ ਦੀ ਅਮੋੜ ਸਥਿਤੀ ਉੱਤੇ ਅਪੜ ਜਾਂਦੇ ਹਨ।

ਨਾਵਲ ਵਿਚਲਾ ਸੱਭ ਤੋਂ ਦਿਲਚਸਪ ਰਿਸ਼ਤਾ ਰਵੀ ਤੇ ਬੀਟਰਸ ਵਿਚਕਾਰ ਹੈ। ਕੰਵਲ ਬੇ-ਲਚਕ ਵਤੀਰੇ ਤੋਂ ਪਰੇਸ਼ਾਨ ਹੋਕੇ ਇਕ ਰਾਹ ਤੁਰਦੀ ਅੰਗ੍ਰੇਜ਼ ਕੁੜੀ ਬੀਟਰਸ ਵਲ ਝੁਕ ਜਾਂਦਾ ਹੈ। ਬੀਟਰਸ ਇਕ ਅਣਵਿਆਹੀ ਮਾਂ ਹੈ ਜਿਸਦੇ ਕਈ ਮਰਦਾਂ ਨਾਲ ਸੰਬੰਧ ਰਹਿ ਚੁੱਕੇ ਹਨ। ਇਨ੍ਹਾਂ ਵੱਖ ਵੱਖ ਮਰਦਾਂ ਤੋਂ ਉਸਦੇ ਬੱਚੇ ਵੀ ਹਨ। ਰਵੀ ਬੀਟਰਸ ਵਲ ਸਿਰਫ਼ ਜਿਸਮਾਨੀ ਕਸ਼ਿਸ਼ ਅਤੇ ਕਾਮਨਾ ਦੀ ਪੂਰਤੀ ਹਿਤ ਆਕਰਸ਼ਿਤ ਹੁੰਦਾ ਹੈ। ਉਹ ਬੀਟਰਸ ਅਤੇ ਵੱਖ-ਵੱਖ ਰੰਗ ਨਸਲ ਦੀਆਂ ਉਸ ਵਰਗੀਆਂ ਹੋਰ ਗ਼ੈਰਪ੍ਰਵਾਸੀ ਔਰਤਾਂ ਦੇ ਸੰਪਰਕ ਵਿਚ ਵੀ ਆਉਂਦਾ ਹੈ ਅਤੇ ਇਸ ਤਰ੍ਹਾਂ ਬਹੁ-ਸੱਭਿਆਚਾਰਕ ਬਰਤਾਨਵੀ ਸਮਾਜ ਦੀ ਵਰਤਮਾਨ ਹਕੀਕਤ ਦੇ ਅਨੇਕਾਂ ਲੁਕਵੇਂ-ਅਲੁਕਵੇਂ ਪਾਸਾਰਾਂ ਦੇ ਰੂਬਰੂ ਹੁੰਦਾ ਹੈ। ਨਸਲੀ ਵਿਤਕਰੇ ਅਤੇ ਸ਼ਖ਼ਸੀ ਆਜ਼ਾਦੀ  ਵਿਅਕਤੀਵਾਦੀ ਸੋਚ ਅਤੇ ਕਾਮਨਾ-ਪੂਰਤੀ ਦੇ ਸੰਜਮ-ਰਹਿਤ ਅਤੇ ਪਰਸਪਰ ਵਿਰੋਧੀ ਵਤੀਰਿਆਂ ਕਾਰਣ ਉਸਨੂੰ ਬਰਤਾਨਵੀ ਸਮਾਜ ਵੱਖ-ਵੱਖ ਸੱਭਿਆਚਾਰਾਂ ਵਿਚਕਾਰ ਆਕਰਸ਼ਣ-ਵਿਕਰਸ਼ਣ ਦੇ ਗੁੰਜਲਦਾਰ ਤਾਣੇ ਪੇਟੇ ਵਿਚ ਘਿਰਿਆ ਦਿਖਾਈ ਦਿੰਦਾ ਹੈ। ਨਾਵਲ ਦਾ ਸਿਰਜਿਤ ਸੰਸਾਰ ਭਿੰਨ-ਭਿੰਨ ਪਾਤਰਾਂ ਦੇ ਮਾਧਿਅਮ ਰਾਹੀਂ ਉਪਰੋਕਤ ਸਥਿਤੀ ਨੂੰ ਮੂਰਤੀਮਾਨ ਕਰਦਾ ਹੈ। ਇਥੇ ਇਹ ਗੱਲ ਚੇਤੇ ਰੱਖਣ ਵਾਲੀ ਹੈ ਕਿ ਨਾਵਲ ਦੇ ਮੁੱਖ ਪਾਤਰ ਦੇ ਸੰਪਰਕ ਵਿਚ ਆਉਣ ਵਾਲੇ ਇਹ ਲੋਕ ਬਰਤਾਨਵੀ ਸਮਾਜ ਦੀ ਮੁੱਖ ਧਾਰਾ ਨਾਲ ਨਹੀਂ ਸਗੋਂ ਹਾਸ਼ੀਏ ਤੇ ਵਿਚਰਦੇ ਥੁੜੇ ਟੁੱਟੇ ਲੋਕ ਹਨ। ਤਾਂ ਵੀ ਇਹ ਲੋਕ ਬਰਤਾਨਵੀ ਸਮਾਜ-ਸੱਭਿਆਚਾਰ ਦੀ ਹਕੀਕਤ ਨੂੰ ਲੱਛਣ (symptom) ਦੇ ਰੂਪ ਵਿਚ ਅਵੱਸ਼ ਮੂਰਤੀਮਾਨ ਕਰਦੇ ਹਨ। ਇਨ੍ਹਾਂ ਲੋਕਾਂ ਰਾਹੀਂ ਪੱਛਮੀ ਸਮਾਜ-ਸੱਭਿਆਚਾਰ ਦੀ ਜੀਵਨ-ਵਿਧੀ ਵਿਚ ਵਿਆਪ ਰਹੇ ਕਦਰਾਂ-ਕੀਮਤਾਂ ਅਤੇ ਸੰਸਥਾਵਾਂ ਦੇ ਗੰਭੀਰ ਕਿਸਮ ਦੇ ਸੰਕਟ ਦੀ ਝਲਕ ਦਿਖਾਈ ਦਿੰਦੀ ਹੈ। ਪ੍ਰਵਾਸੀਆਂ ਦੇ ਹਿਸਾਬ ਨਾਲ ਗ਼ੈਰ-ਪਰੰਪਰਕ ਅਤੇ ਸੰਸਥਾ-ਵਿਰੋਧੀ ਜੀਵਨ ਜਿਉਣ ਵਾਲੇ ਇਹ ਲੋਕ ਆਪਣੇ

ਹੋਂਦ-ਮੁੱਖੀ ਸਰੋਕਾਰਾਂ ਦੀ ਪੂਰਤੀ ਲਈ ਵਕਤੀ ਸੰਤੁਸ਼ਟੀ ਜਾਂ ਸੁਰੱਖਿਆ ਦੇ ਆਰਜ਼ੀ ਜਿਹੇ ਵਸੀਲੇ ਤਲਾਸ਼ ਕਰਦੇ ਹਨ। ਇਨ੍ਹਾਂ ਦੀ ਹੋਂਦ ਉਸ ਡੂੰਘੇ ਸੱਭਿਆਚਾਰਕ ਸੰਕਟ ਦਾ ਸਿੰਪਟਮ ਹੈ ਜੋ ਅਜੋਕੇ ਦੌਰ ਵਿਚ ਉੱਭਰ ਰਹੇ ਵਿਸ਼ਵ-ਸਰਮਾਇਦਾਰੀ ਪ੍ਰਬੰਧ ਦੀ ਉਪਜ ਹੈ। ਇਸੇ ਕਿਸਮ ਦੇ ਅੰਤਰ-ਸੱਭਿਆਚਾਰਕ ਰਿਸ਼ਤੇ ਦੇ ਉੱਪਜਣ ਦੀ ਸੰਭਾਵਨਾ ਕੰਵਲ ਅਤੇ ਉਸਦੇ ਇਕ ਅੰਗ੍ਰੇਜ਼ ਸਹਿਕਰਮੀ ਐਂਡੀ ਵਿਚਕਾਰ ਪੈਦਾ ਹੁੰਦੀ ਹੈ ਪਰ ਕੰਵਲ ਆਪਣੇ ਪਰਿਵਾਰਕ ਵਿਰਸੇ ਅਤੇ ਵਿਚਾਰਧਾਰਾਈ ਸੰਸਕਾਰਾਂ ਤੋਂ ਮੁਕਤ ਨਹੀਂ ਹੋ ਸਕਦੀ। ਉਹ ਅਨਿਸ਼ਚੇ ਦੀ ਸਥਿਤੀ ਵਿਚ ਹੀ ਸਮਾ ਲੰਘਾ ਦਿੰਦੀ ਹੈ। ਉਹ ਚਾਹੁੰਦੀ ਹੋਈ ਵੀ ਵਿਰਸੇ ਦੀਆਂ ਕਦਰਾਂ-ਕੀਮਤਾਂ ਨੂੰ ਉਲੰਘ ਨਹੀਂ ਸਕਦੀ।

ਇਸ ਨਾਵਲ ਦੀ ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਇਸਨੂੰ ਦਿਲਚਸਪ ਢੰਗ ਨਾਲ ਨਾਰੀਵਾਦੀ ਨਜ਼ਰੀਏ ਤੋਂ ਵੀ ਪੜ੍ਹਿਆ ਜਾ ਸਕਦਾ ਹੈ। ਦੇਖਿਆ ਜਾਵੇ ਤਾਂ ਰਵੀ ਤੇ ਕੰਵਲ, ਅਤੇ ਰਵੀ ਤੇ ਕਿਰਨ ਵਿਚਕਾਰ ਅਸਾਂਵੇਂ ਸੰਬੰਧਾਂ ਦਾ ਇਕ ਕਾਰਣ ਵਿਚਾਰਧਾਰਕ ਹੈ। ਰਵੀ ਸੁਭਾ ਵਜੋਂ ਪੁਰਖ-ਪ੍ਰਧਾਨ ਕਦਰਾਂ-ਕੀਮਤਾਂ ਦੇ ਵਿਚਾਧਾਰਾਈ ਸੰਗਠਨ ਤੋਂ ਪ੍ਰਭਾਵਿਤ ਹੈ। ਉਹ ਵਿਹਾਰਕ ਤੌਰ ਤੇ ਔਰਤ ਨੂੰ ਮਰਦ ਦੇ ਬਰਾਬਰ ਦਾ ਦਰਜਾ ਦੇਣ ਦਾ ਹਾਮੀ ਨਹੀਂ। ਇਸੇ ਲਈ ਉਹ ਕੰਵਲ ਦੇ ਪ੍ਰਤਿ ਕਦੇ ਕਦੇ ਹਿੰਸਕ ਰਵੱਈਆ ਵੀ ਧਾਰਣ ਕਰ ਲੈਂਦਾ ਹੈ। ਉਧਰ ਕੰਵਲ ਪੱਛਮੀ ਸਮਾਜ-ਸੱਭਿਆਚਾਰ ਦੀ ਪ੍ਰਚੱਲਤ ਵਿਚਾਰਧਾਰਾ ਦੇ ਪ੍ਰਭਾਵ ਅਧੀਨ ਇਸ ਕਿਸਮ ਦੇ ਪੁਰਖ-ਪ੍ਰਧਾਨ ਵਤੀਰੇ ਦਾ ਡਟਵਾਂ ਵਿਰੋਧ ਕਰਦੀ ਹੈ। ਅਜਿਹੀ ਸਥਿਤੀ ਵਿਚ ਦੋਹਾਂ ਦੇ ਪਰਸਪਰ ਰਿਸ਼ਤਿਆਂ ਵਿਚ ਤਣਾਉ ਅਤੇ ਟਕਰਾਉ ਦਾ ਉੱਭਰਨਾ ਸੁਭਾਵਕ ਹੀ ਹੈ। ਇਸੇ ਤਰ੍ਹਾਂ ਹੀ ਕਿਰਨ ਦੇ ਪ੍ਰਸੰਗ ਵਿਚ ਵੀ ਵਾਪਰਦਾ ਹੈ। ਨਵੀਂ ਨਵੀਂ ਪੰਜਾਬ ਦੇ ਪੇਂਡੂ ਪਿਛੋਕੜ ਵਿਚੋਂ ਆਈ ਹੋਣ ਕਾਰਣ, ਕਿਰਨ ਪਹਿਲਾਂ-ਪਹਿਲ ਤਾਂ ਪਤੀ-ਪਤਨੀ ਦੇ ਰਿਸ਼ਤੇ ਦੀਆਂ ਰਵਾਇਤੀ ( ਪੁਰਖ-ਪ੍ਰਧਾਨ ) ਕਦਰਾਂ-ਕੀਮਤਾਂ ਨਾਲ ਜੁੜੀ ਰਹਿੰਦੀ ਹੈ ਪਰ ਜਦੋਂ ਉਹ ਨਾਰੀ-ਚੇਤਨਾ ਲਹਿਰ ਨਾਲ ਜੁੜੀਆਂ ਭਾਰਤੀ ਮੂਲ ਦੀਆਂ ਔਰਤਾਂ ਦੇ ਸੰਪਰਕ ਵਿਚ ਆਉਂਦੀ ਹੈ ਤਾਂ ਉਸਦਾ ਵਤੀਰਾ ਬਦਲ ਜਾਂਦਾ ਹੈ ਅਤੇ ਉਹ ਰਵੀ ਦੀਆਂ ਵਧੀਕੀਆਂ ਸਹਿਨ ਕਰਨ ਤੋਂ ਇਨਕਾਰੀ ਹੋ ਉੱਠਦੀ ਹੈ। ਨਾਵਲਕਾਰ ਨੇ ਭਾਵੇਂ ਰਵੀ ਨੂੰ ਬਿਰਤਾਂਤ ਦੇ ਫ਼ੋਕਸ ਵਿਚ ਵਧੇਰੇ ਰੱਖਿਆ ਹੈ ਜਿਸ ਕਾਰਨ ਰਵਾਇਤੀ ਪੁਰਖ-ਪ੍ਰਧਾਨ ਜੀਵਨ-ਮੁੱਲਾਂ ਨੂੰ ਵਧੇਰੇ ਬਲ ਮਿਲਦਾ ਹੈ। ਪਰ ਇਸ ਨਾਵਲ ਨੂੰ ਕੰਵਲ ਅਤੇ ਕਿਰਨ ਦੇ ਦ੍ਰਿਸ਼ਟੀ=ਬਿੰਦੂ ਤੋਂ ਪੜ੍ਹਦਿਆਂ ਇਸਦਾ ਨਾਰੀਵਾਦੀ ਪੱਖ ਵੀ ਸਹਿਜੇ ਹੀ ਸਾਕਾਰ ਹੋ ਉਠਦਾ ਹੈ ਜੋ ਇਸਦੇ ਅਰਥਾਂ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਦਾ ਹੈ।

ਜਦੋਂ ਅਸੀਂ ਹਰਜੀਤ ਅਟਵਾਲ ਦੇ ਨਾਵਲ ਦੀ ਬਿਰਤਾਂਤਕ ਟੈਕਸਟ ਨੂੰ ਵਿਗਠਿਤ (deconstruct) ਕਰਕੇ ਵਾਚਦੇ ਹਾਂ ਤਾਂ ਇਸਦੇ ਅਵਚੇਤਨ ਵਿਚ ਛੁਪਿਆ ਹੋਇਆ ਵਿਚਾਰਧਾਰਾਈ ਪਰਿਪੇਖ ਵੀ ਆਪ-ਮੁਹਾਰੇ ਹੀ ਉਜਾਗਰ ਹੋ ਉਠਦਾ ਹੈ। ਇਥੇ ਦੋ ਪਰਸਪਰ-ਵਿਰੋਧੀ ਵਿਚਾਰਧਾਰਾਵਾਂ ਇਕ-ਦੂਸਰੇ ਨਾਲ ਟਕਰਾਉਂਦੀਆਂ ਦਿਖਾਈ ਦਿੰਦੀਆਂ ਹਨ - ਰਵਾਇਤੀ ਵਿਆਹ-ਪ੍ਰਥਾ ਨਾਲ ਸੰਬੰਧਿਤ ਜਾਗੀਰਦਾਰੀ ਵਿਰਸੇ ਦੀ ਪਰੰਪਰਕ ਵਿਚਾਰਧਾਰਾ ਅਤੇ ਵਿਕਸਿਤ ਸਰਮਾਇਦਾਰੀ ਪ੍ਰਬੰਧ ਵਿਚ ਪ੍ਰਚੱਲਤ ਆਧੁਨਿਕ ਵਿਚਾਰਧਾਰਾ। ਨਾਵਲ ਵਿਚ ਪੇਸ਼ ਪ੍ਰਵਾਸੀ ਪੰਜਾਬੀ ਭਾਈਚਾਰੇ ਦੀ ਵਿਡੰਬਨਾ ਇਹ ਹੈ ਕਿ ਉਹ ਪਰੰਪਰਾ ਨਾਲੋਂ ਪੂਰੀ ਤਰ੍ਹਾਂ ਟੁੱਟ ਨਹੀਂ ਸਕਦਾ ਅਤੇ ਆਧੁਨਿਕਤਾ ਨਾਲ ਪੂਰੀ ਤਰ੍ਹਾਂ ਜੁੜ ਨਹੀਂ ਸਕਦਾ। ਇਸੇ ਲਈ ਉਹ ਰਿਸ਼ਤੇ-ਨਾਤਿਆਂ ਅਤੇ ਕਦਰਾਂ-ਕੀਮਤਾਂ ਦੇ ਤਣਾਉ ਦੀ ਸਥਿਤੀ ਵਿਚ ਵਿਚਰਦਾ ਹੈ।

ਨਾਵਲ ਵਿਚਲੇ ਪਾਤਰਾਂ ਦੀ ਤ੍ਰਾਸਦ - ਵਿਡੰਬਨਾ ਇਹ ਹੈ ਕਿ ਉਹ ਸੁਪਨੇ ਅਤੇ ਸੱਚ ਦਾ ਤਣਾਉ ਭੋਗਦੇ ਹਨ। ਉਨ੍ਹਾਂ ਦੇ ਸੁਪਨੇ ਉਨ੍ਹਾਂ ਦੀ ਆਪੋ ਆਪਣੀ ਫ਼ਿਤਰਤ, ਅਮੋੜ ਕਾਮਨਾ ਅਤੇ ਲੋਚਾ ਦੀ ਉਪਜ ਹਨ ਜਿਨ੍ਹਾਂ ਦੀ ਪੂਰਤੀ ਲਈ

ਉਹ ਰਿਸ਼ਤਿਆ ਦੀ ਰਾਜਨੀਤੀ ਨੂੰ ਮਾਧਿਅਮ ਬਣਾਉਂਦੇ ਹਨ। ਪਰ ਉਨ੍ਹਾਂ ਦਾ ਸੱਚ ਉਨ੍ਹਾਂ ਦੀ ਸਾਮਾਜਿਕ ਸਥਿਤੀ, ਪਰਿਵਾਰਕ ਮਰਿਆਦਾ ਅਤੇ ਵਿਚਾਰਧਾਰਕ ਸਿਖਲਾਈ ਦਾ ਸੱਚ ਹੈ। ਉਹ ਸੁਪਨੇ ਅਤੇ ਸੱਚ ਵਿਚਲੀ ਇਸ ਵਿੱਥ ਨੂੰ ਮੇਟ ਨਹੀਂ ਸਕਦੇ। ਉਨ੍ਹਾਂ ਦੇ ਰੋਮਾਨੀ ਸੁਪਨੇ ਯਥਾਰਥ ਦੀ ਵਾਸਤਵਿਕਤਾ ਨਾਲ ਟਕਰਾ ਕੇ ਚੂਰ ਚੂਰ ਹੋ ਜਾਂਦੇ ਹਨ ਅਤੇ ਉਹ ਸਮਾਨੰਤਰ ਰੇਖਾਵਾਂ ਵਾਂਗ ਇਕ ਦੂਸਰੇ ਤੋਂ ਦੂਰ, ਆਪੋ-ਆਪਣੇ ਰਾਹ ਤੁਰਦੇ ਰਹਿੰਦੇ ਹਨ। ਨਾਵਲਕਾਰ ਨੇ ਬਿਰਤਾਂਤਕ ਦ੍ਰਿਸ਼ਟੀਕੋਣ ਦੀ ਭਿੰਨਤਾ ਰਾਹੀਂ ਇਸੇ ਸਥਿਤੀ ਨੂੰ ਮੂਰਤੀਮਾਨ ਕੀਤਾ ਹੈ। ਉਸਨੇ ਹਰ ਪਾਤਰ ਨੂੰ ਆਪੋ ਆਪਣੇ ਸੁਪਨੇ ਅਤੇ ਸੱਚ ਦਾ ਬੋਲ ਉਚਾਰਨ ਦਾ ਮੌਕਾ ਪ੍ਰਦਾਨ ਕੀਤਾ ਹੈ। ਇਓਂ ਹਰਜੀਤ ਅਟਵਾਲ ਦਾ ਇਹ ਨਾਵਲ ਰੇਤ ਦੇ ਮੈਟਾਫਰ ਰਾਹੀਂ ਰਿਸ਼ਤਿਆ ਦੀ ਰਾਜਨੀਤੀ ਦਾ ਤ੍ਰਾਸਦ-ਬਿਰਤਾਂਤ ਸਿਰਜਦਾ ਹੈ ਅਤੇ ਪ੍ਰਵਾਸੀ ਜੀਵਨ-ਅਨੁਭਵ ਦਾ ਬਹੁ-ਪਰਿਪੇਖੀ ਅਤੇ ਸੰਘਣਾ ਦ੍ਰਿਸ਼ ਉਸਾਰਦਾ ਹੈ। ਇਹੀ ਇਸ ਨਾਵਲ ਦੀ ਮੁੱਖ ਪ੍ਰਾਪਤੀ ਹੈ।